ਨੰ.–7006
ਮਿਤੀ - 17-07-2024

# ਖੇਡ ਵਿਭਾਗ, ਪੰਜਾਬ

## ਯੁਵਾ ਭਵਨ, ਸੈਕਟਰ-42, ਏ ਚੰਡੀਗੜ੍ਹ

## ਕੋਰੀਜੰਡਮ - 1

**ਟੈਂਡਰ ਆਈ.ਡੀ. - 2024_DOS_123025_1**

**ਸਾਲ 2024-25 ਦੇ ਸੈਸ਼ਨ ਦੌਰਾਨ ਵਿਭਾਗ ਵੱਲੋਂ ਖੇਡਾਂ ਦੇ ਸਮਾਨ ਦੀ ਖਰੀਦ ਕਰਨ ਸਬੰਧੀ ਲਗਾਏ ਗਏ ਟੈਂਡਰ ਦੀ ਮਿਤੀ 08.07.2024 ਨੂੰ ਹੋਈ ਪ੍ਰੀ-ਬਿੱਡ ਮੀਟਿੰਗ ਦੀ ਕਾਰਵਾਈ ਰਿਪੋਰਟ।**

ਇਸ ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਵੱਖ-ਵੱਖ ਫਰਮਾਂ ਦੇ ਨੁਮਾਇੰਦੇ ਸ਼ਾਮਿਲ ਹੋਏ:-

1. ਮੈਸ. ਪੀ. ਰਾਮ ਚੰਦ ਐਂਡ ਕੰਪਨੀ, ਜਲੰਧਰ।
2. ਮੈਸ. ਆਰ. ਕੇ ਸਪੋਰਟਸ ਪ੍ਰਾਈਵੇਟ ਲਿਮਟਿਡ, ਜਲੰਧਰ।
3. ਮੈਸ. ਐਸ.ਕੇ. ਸਪੋਰਟਸ ਇੰਡਸਟਰੀਜ਼, ਪਟਿਆਲਾ।
4. ਮੈਸ. ਜਖਮੀ ਸਾਇੰਸ ਐਂਡ ਸਪੋਰਟਸ ਗੁੱਡਜ਼, ਸੰਗਰੂਰ।
5. ਮੈਸ. ਮੱਤਾ ਸਪੋਰਟਸ, ਨਵੀ ਦਿੱਲੀ।

ਪ੍ਰੀ-ਬਿੱਡ ਮੀਟਿੰਗ ਵਿੱਚ ਵੱਖ-ਵੱਖ ਫਰਮਾਂ ਦੇ ਨੁਮਾਇੰਦਿਆਂ ਅਤੇ ਮੈਸ. ਐਸ. ਕੇ ਸਪੋਰਟਸ, ਪਟਿਆਲਾ ਵੱਲੋਂ ਆਪਣੇ ਪੱਤਰ ਨੰ. ਨਿੱਲ, ਮਿਤੀ 08.07.2024 ਰਾਹੀਂ ਵਿਭਾਗ ਵੱਲੋਂ ਟੈਂਡਰ ਵਿੱਚ ਲਗਾਈਆਂ ਗਈਆਂ ਸ਼ਰਤਾਂ ਵਿੱਚ ਹੇਠ ਲਿਖੇ ਅਨੁਸਾਰ ਕੁੱਝ ਸੋਧਾਂ ਕਰਨ ਸਬੰਧੀ ਬੇਨਤੀ ਕੀਤੀ ਗਈ:-

| ਲੜੀ ਨੰ. | ਫਰਮਾਂ ਵੱਲੋਂ ਕੀਤੀਆਂ ਗਈਆਂ ਬੇਨਤੀਆਂ | ਜਵਾਬ |
|---|---|---|
| 1 | ਫਰਮਾਂ ਵੱਲੋਂ ਟਰਨਓਵਰ ਨੂੰ 5 ਕਰੋੜ ਰੁਪਏ ਦੀ ਥਾਂ ਤੇ 3 ਕਰੋੜ ਰੁਪਏ ਕਰਨ ਸਬੰਧੀ ਬੇਨਤੀ ਕੀਤੀ ਗਈ ਹੈ। | ਕੋਈ ਬਦਲਾਅ ਨਹੀਂ। |
| 2 | ਫਰਮਾਂ ਵੱਲੋਂ ਈ.ਐਮ.ਡੀ. ਦੀ ਰਾਸ਼ੀ 10.00 ਲੱਖ ਰੁਪਏ ਦੀ ਥਾਂ ਤੇ 5.00 ਲੱਖ ਰੁਪਏ ਕਰਨ ਸਬੰਧੀ ਬੇਨਤੀ ਕੀਤੀ ਗਈ ਹੈ। | ਕੋਈ ਬਦਲਾਅ ਨਹੀਂ। |
| 3 | ਫਰਮਾਂ ਵੱਲੋਂ ਸਪਲਾਈ ਕੀਤੇ ਗਏ ਖੇਡ ਸਮਾਨ ਦੇ ਬਿੱਲਾਂ ਦੀ ਅਦਾਇਗੀ 60 ਦਿਨਾਂ ਦੇ ਅੰਦਰ-ਅੰਦਰ ਕਰਨ ਸਬੰਧੀ ਬੇਨਤੀ ਕੀਤੀ ਗਈ ਹੈ। | ਵਿਭਾਗ ਵੱਲੋਂ ਖਰੀਦ ਕੀਤਾ ਜਾਣ ਵਾਲਾ ਖੇਡ ਸਮਾਨ ਵੱਖ-ਵੱਖ ਜਿਲ੍ਹਾ ਖੇਡ ਅਫਸਰਾਂ ਦੇ ਦਫਤਰਾਂ ਵਿੱਚ ਸਪਲਾਈ ਕੀਤਾ ਜਾਵੇਗਾ। ਖੇਡ ਸਮਾਨ ਪ੍ਰਾਪਤ ਹੋਣ ਉਪਰੰਤ ਸਬੰਧਤ ਜਿਲ੍ਹਾ ਖੇਡ ਅਫਸਰਾਂ ਵੱਲੋਂ ਖੇਡ ਸਮਾਨ ਦੀ ਇੰਸਪੈਕਸ਼ਨ ਕਰਦੇ ਹੋਏ ਬਿੱਲਾਂ ਨੂੰ ਵੈਰੀਫਾਈ ਕਰਨ ਉਪਰੰਤ ਮੁੱਖ ਦਫਤਰ ਨੂੰ ਅਦਾਇਗੀ ਲਈ ਭੇਜਿਆ ਜਾਵੇਗਾ। ਜਿਲ੍ਹਾ ਖੇਡ ਅਫਸਰਾਂ ਵੱਲੋਂ ਅਦਾਇਗੀ ਲਈ ਭੇਜੇ ਗਏ ਖੇਡ ਸਮਾਨ ਦੇ ਬਿੱਲ ਸਮੇਤ ਇੰਸਪੈਕਸ਼ਨ ਰਿਪੋਰਟਾਂ ਮੁੱਖ ਦਫਤਰ ਵਿਖੇ ਪ੍ਰਾਪਤ ਹੋਣ ਉਪਰੰਤ ਸਬੰਧਤ ਫਰਮਾਂ ਦੇ ਬਿੱਲਾਂ ਦੀ ਅਦਾਇਗੀ 90 ਦਿਨਾਂ ਦੇ ਅੰਦਰ-ਅੰਦਰ ਕਰ ਦਿੱਤੀ ਜਾਵੇਗੀ। |
| 4 | ਮੈਸ. ਮੱਤਾ ਸਪੋਰਟਸ, ਨਵੀਂ ਦਿੱਲੀ ਵੱਲੋਂ SSI ਸਰਟੀਫਿਕੇਟ ਦੀ ਥਾਂ ਤੇ MSME ਸਰਟੀਫਿਕੇਟ ਪੇਸ਼ ਕਰਨ ਸਬੰਧੀ ਬੇਨਤੀ ਕੀਤੀ ਗਈ ਹੈ। | ਫਰਮਾਂ ਵੱਲੋਂ SSI ਸਰਟੀਫਿਕੇਟ ਜਾਂ MSME Certificate ਪੇਸ਼ ਕੀਤਾ ਜਾ ਸਕਦਾ ਹੈ। |
| 5 | ਮੈਸ. ਜਖਮੀ ਸਾਇੰਸ ਐਂਡ ਸਪੋਰਟਸ ਗੁੱਡਜ਼, ਸੰਗਰੂਰ ਵੱਲੋਂ ਟੈਕਨੀਕਲ ਬਿੱਡ ਖੋਲਣ ਦੀ ਮਿਤੀ ਵਿੱਚ 10 ਦਿਨਾਂ ਦਾ ਵਾਧਾ ਕਰਨ ਦੀ ਬੇਨਤੀ ਕੀਤੀ ਗਈ ਹੈ। | ਟੈਕਨੀਕਲ ਬਿੱਡ ਖੋਲਣ ਦੀ ਮਿਤੀ ਵਿੱਚ 7 ਦਿਨਾਂ ਦਾ ਵਾਧਾ ਕੀਤਾ ਜਾਂਦਾ ਹੈ। ਜਿਸ ਕਾਰਣ ਟੈਕਨੀਕਲ ਬਿੱਡ ਮਿਤੀ 19.07.2024 ਦੀ ਥਾਂ ਤੇ 26.07.2024 ਨੂੰ ਖੋਲੀ ਜਾਵੇਗੀ ਅਤੇ ਖੇਡ ਸਮਾਨ ਦੇ ਸੈਂਪਲ ਮਿਤੀ 01 ਅਤੇ 02 ਅਗਸਤ 2024 ਨੂੰ ਜਿਲ੍ਹਾ ਖੇਡ ਅਫਸਰ, ਐਸ.ਏ.ਐਸ. ਨਗਰ ਦੇ ਦਫਤਰ ਵਿਖੇ ਡਿਸਪਲੇਅ ਕੀਤੇ ਜਾਣਗੇ। |

ਧਰਮਿੰਦਰ ਸਿੰਘ

**ਡਿਪਟੀ ਡਾਇਰੈਕਟਰ ਸਪੋਰਟਸ**

**ਪੰਜਾਬ**

Scanned with CamScanner